ਦਫਤਰ ਪ੍ਰਸਾਸਕ (ਆਰ.ਆਰ.)-ਕੰਮ-ਅਡੀਸਨਲ ਡਿਪਟੀ ਕਮਿਸਨਰ (ਜਨਰਲ)
ਐਸ.ਏ.ਐਸ.ਨਗਰ

ਵਿਸ਼ਾ:- ਐਸ.ਏ.ਐਸ. ਨਗਰ ਦੇ ਐਰੋਟਰੋਪੋਲਿਸ ਪ੍ਰੋਜੈਕਟ ਦੀ ਸਥਾਪਨਾ ਲਈ ਪਿੰਡ ਬੜੀ ਦੀ ਭੋਂ ਪ੍ਰਾਪਤ ਕਰਨ ਸਬੰਧੀ-ਪ੍ਰਭਾਵਿਤ ਪਰਿਵਾਰਾਂ ਲਈ ਮੁੜ ਵਸਾਊ ਅਤੇ ਮੁੜ ਸਥਾਪਤੀ ਸਕੀਮ।

0.1 ਪ੍ਰੋਜੈਕਟ ਅਤੇ ਲੋਕ ਭਲਾਈ ਮੰਤਵ

ਐਰੋਟਰੋਪੋਲਿਸ ਪ੍ਰੋਜੈਕਟ ਦੀ ਪਾਕੇਟ ਏ, ਬੀ, ਸੀ ਅਤੇ ਡੀ ਦੀ ਸਥਾਪਨਾ ਲਈ ਭੋਂ ਪ੍ਰਾਪਤੀ ਦਾ ਕੰਮ ਪਹਿਲਾਂ ਹੀ ਮੁਕੰਮਲ ਹੋ ਚੁਕਿਆ ਹੈ, ਪਰੰਤੂ ਇਸ ਪ੍ਰੋਜੈਕਟ ਦੀਆਂ ਬਾਕੀ ਰਹਿੰਦੀਆਂ ਪੌਕਟਾਂ ਦੀ ਸਥਾਪਨਾ ਲਈ ਭੋਂ ਪ੍ਰਾਪਤੀ ਬਾਬਤ ਕਾਰਵਾਈ ਆਰੰਭੀ ਗਈ ਹੈ। ਪ੍ਰਾਪਤ ਕੀਤੀ ਜਾ ਰਹੀ ਭੋਂ ਵਿੱਚ ਪਿੰਡ ਬੜੀ ਵੀ ਸਮਿਲ ਹੈ।

0.2 ਮੁੜ ਵਸੇਵਾ ਅਤੇ ਮੁੜ ਸਥਾਪਤੀ ਸਕੀਮ:

ਇਹ ਮੁੜ ਵਸੇਵਾ ਅਤੇ ਮੁੜ ਸਥਾਪਤੀ ਸਕੀਮ RFCTLARR Act, 2013 ਦੀ ਧਾਰਾ 16 ਵਿੱਚ ਕੀਤੇ ਉਪਬੰਧਾ ਅਨੁਸਾਰ ਤਿਆਰ ਕੀਤੀ ਗਈ ਹੈ ਅਤੇ ਇਸ ਸਕੀਮ ਨੂੰ ਤਿਆਰ ਕਰਨ ਲਈ ਨਿਮਨ ਵਿਧੀ ਨੂੰ ਅਪਣਾਇਆ ਗਿਆ ਹੈ:-

ੳ) ਮਰੱਦਮ ਸੁਮਾਰੀ ਸਰਵੇਖਣ (Census Survey): ਮੱਰਦਮ ਸੁਮਾਰੀ ਸਰਵੇ ਸਾਲ 2014 ਦੌਰਾਨ ਜਮੀਨ ਅਤੇ ਮਕਾਨਾਤ ਦੇ ਸਰਵੇਖਣ ਅੰਤਿਮ ਰੂਪ ਰੇਖਾ (alignment) ਅਤੇ ਜਮੀਨ ਦੇ ਸਮੂੱਚੇ ਸਰਵੇਖਣ ਕੀਤਾ ਗਿਆ। ਇਸ ਸਰਵੇਖਣ ਵਿੱਚ ਅਸਲ ਪ੍ਰਭਾਵ ਜਮੀਨ ਦਾ ਖੁੱਸ ਜਾਣਾ ਹੈ।

ਅ) ਜਮੀਨ ਦੇ ਮਾਲਕ ਨਾਲ ਵਿਚਾਰ ਵਟਾਂਦਰਾ ਅਤੇ ਜਨਤਕ ਸੁਣਵਾਈ:

ਜਦੋਂ ਇਹ ਮੁੜਵਸੇਵਾ ਅਤੇ ਮੁੜ ਸਥਾਪਤੀ ਸਕੀਮ ਤਿਆਰ ਕੀਤੀ ਗਈਤਾਂ ਬਹੁਤ ਸਾਰੇ ਮੁੱਦੇ ਜਿਨ੍ਹਾਂ ਨੂੰ ਧਿਆਨ ਵਿੱਚ ਰਖਿਆ ਗਿਆ। ਕੁਝ ਮੁੱਦੇ ਪਿੰਡ ਦੇ ਪੱਧਰ ਤੇ ਅਤੇ ਕੁਝ ਮੁੱਦੇ ਨਿਜੀ ਤੌਰ ਤੇ ਵਿਚਾਰੇ ਗਏ। ਪ੍ਰਸਤਾਵਿਤ ਪ੍ਰੋਜੈਕਟ ਦੀ ਭੋਂ ਪ੍ਰਾਪਤੀ ਦੇ ਹੱਕ ਵਿੱਚ ਲੋਕਾਂ ਵੱਲੋਂ ਹੁੰਗਾਰਾ ਭਰਿਆ ਗਿਆ। ਉਲੀਕੀ ਗਈ ਯੋਜਨਾ ਸਬੰਧੀ ਮਰੱਦਮ ਸੁਮਾਰੀ (Census Survey) ਦੇ ਨਿਸਕਰਸਾਂ ਮੁਤਾਬਿਕ ਸਕੀਮ ਦੇ ਸਰਵੇਖਣ ਦੀ ਤਫਸੀਲ ਨਿਮਨ ਅਨੁਸਾਰ ਹੈ:-

| ਲੜੀ ਨੰ. | ਵਸਤੂਆਂ ਦਾ ਵੇਰਵਾ | ਪ੍ਰਭਾਵ | ਆਰ.ਐਂਡ ਆਰ. ਸਕੀਮ ਤਹਿਤ ਦਿੱਤਾ ਜਾਣ ਵਾਲਾ ਲਾਭ |
|---|---|---|---|
| 1. | ਅਚਲ ਸੰਪਤੀ ਦੇ ਵੇਰਵੇ :-<br>(1) ਮਕਾਨ ਅਤੇ ਡੈਇਰੀ ਫਾਰਮ<br>(2) ਫਲਦਾਰ ਅਤੇ ਗੈਰ ਫਲਦਾਰ ਦਰਖੱਤ | ਭੋਂ ਪ੍ਰਾਪਤ ਕਰਨ ਦੀ ਸੂਰਤ ਵਿੱਚ ਇਨ੍ਹਾਂ ਸੰਪਤੀਆਂ ਦੇ ਖੁੱਸ ਜਾਣ ਨਾਲ ਲੋਕਾਂ ਦੀ ਜੀਵਨ | ਮਕਾਨ, ਡਾਇਰੀ ਫਾਰਮ, ਫਲਦਾਰ ਅਤੇ ਗੈਰ ਫਲਦਾਰ ਤਰੱਖਤਾਂ ਦਾ ਮੁਆਵਜਾ ਸਬੰਧਤ ਵਿਭਾਗ ਵੱਲੋਂ |

Scanned with OKEN Scanner

| | | | |
|---|---|---|---|
| | | ਸੈਲੀ ਦਾ ਕੋਈ ਖਾਸ ਪ੍ਰਵਾਨ ਨਹੀਂ ਪਵੇਗਾ | ਕੀਤੀ ਅਸੈਸਮੈਂਟ ਅਨੁਸਾਰ ਦਿੱਤਾ ਜਾਵੇਗਾ। |
| 2. | ਜਮੀਨ ਦੇ ਖੁੱਸ ਜਾਣ ਨਾਲ ਰੋਜੀ ਰੋਟੀ ਦੇ ਸਾਧਨਾਂ ਦਾ ਖੁਸ ਜਾਣਾ | ਭੌਂ ਦੇ ਖੁਸਣ ਨਾਲ ਰੋਜੀ ਰੋਟੀ ਦੇ ਸਾਧਨ ਪ੍ਰਭਾਵਿਤ ਹੋਣਗੇ | ਭੌਂ ਮਲਾਕਾਂ ਦੀ ਭੌਂ ਪ੍ਰਾਪਤ ਕਰਨ ਦੀ ਸੂਰਤ ਵਿੱਚ ਹਰ ਭੌਂ ਮਾਲਕ ਪਰਿਵਾਰ ਨੂੰ 5.00 ਲੱਖ ਰੁਪਏ ਆਰ.ਐਂਡ ਆਰ ਵਜੋਂ ਮਦਦ ਦਿੱਤੀ ਜਾਵੇਗੀ। |
| 3. | ਬੇਜਮੀਨ ਲੋਕ ਜਿਨ੍ਹਾਂ ਦੀ ਰੋਜੀ ਰੋਟੀ ਦਾ ਮੁੱਢਲਾ ਸਾਧਨ ਪ੍ਰਭਾਵਿਤ ਹੋਇਆ ਹੈ। | ਕੋਈ ਨਹੀਂ | ਕੋਈ ਨਹੀਂ |
| 4. | ਜਨਤਕ ਸਥਾਨਾਂ/ਸਰਕਾਰੀ ਇਮਾਰਤਾਂ ਦੀ ਗਿਣਤੀ | ਸਿਧੇ ਤੌਰ ਤੇ ਕੋਈ ਨਹੀਂ | -- |
| 5. | ਸਾਂਝੀ ਸੰਪਤੀ ਦਾ ਵੇਰਵਾ | ਗ੍ਰਾਮ ਪੰਚਾਇਤ | ਅਜਿਹੀ ਭੌਂ ਪ੍ਰਾਪਤ ਕਰਨ ਦੀ ਸੂਰਤ ਵਿੱਚ ਬਣਦਾ ਮੁਆਵਜਾ ਸਬੰਧਤਾਂ ਨੂੰ ਜਾਂ ਸਬੰਧਤ ਵਿਭਾਗ ਨੂੰ, ਦਿੱਤਾ ਜਾਵੇਗਾ। |
| 6. | ਭੌਂ ਪ੍ਰਾਪਤੀ ਤੋਂ ਬਾਅਦ ਭੌਂ (ਖਸਰੇ) ਦੇ ਕੁਝ ਹਿੱਸੇ ਦਾ ਬੱਚ ਜਾਣ ਕਰਕੇ ਭੌਂ ਦਾ ਅਸੇ ਪਾਸੇ ਬੱਚੇ ਦੋ ਫਾੜ ਟੁਕੜੀਆਂ ਵਾਲੀ ਜਮੀਨ | -- | ਪਲੈਨਿੰਗ ਅਨੁਸਾਰ ਹੀ ਮੌਜੂਦਾ ਭੌਂ ਪ੍ਰਾਪਤ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਭੌਂ ਦਾ ਟੁਕੜਾ ਬੱਚ ਜਾਵੇਗਾਂ ਤਾਂ ਉਸ ਬਾਰੇ ਅੱਗੇ ਹੋਣ ਵਾਲੀ ਐਕੂਜੀਸਨ ਵਿੱਚ ਵਿਚਾਰ ਕੀਤਾ ਜਾ ਸਕਦਾ ਹੈ। |

ਪ੍ਰਸਾਸਕ (ਆਰ.ਆਰ)-ਕਮ-
ਡਿਪਟੀ ਕਮਿਸਨਰ (ਜਨਰਲ),
ਐਸ.ਏ.ਐਸ.ਨਗਰ, ਮੋਹਾਲੀ।

TUA Consultants & Contractors Pvt. Ltd. ★ THANE